2023 52197
10/4/2023

# ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

(ਕਾਰਜ ਸੰਚਾਲਨ ਸ਼ਾਖਾ)

ਨੰ:ਪਸਸਬ-ਕਸ-2023/1122

ਮਿਤੀ: 05-04-2023

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰ: ਸਿੱਖਿਆ)

ਪੰਜਾਬ ਰਾਜ।

**ਵਿਸ਼ਾ:-ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਸਾਲਾਨਾ ਪ੍ਰਯੋਗੀ ਪਰੀਖਿਆ ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਅਧੀਨ, ਕੰਪਾਰਟਮੈਂਟ/ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ/ਕਾਰਗੁਜਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਲਈ ਪਰੀਖਿਆ ਦੇ ਸੰਚਾਲਨ ਸਬੰਧੀ ।**

---

ਵਿਸ਼ੇ ਅਧੀਨ ਪਰੀਖਿਆਵਾਂ ਦਸਵੀਂ ਮਿਤੀ 25-04-2023 ਤੋਂ 06-05-2023 ਤੱਕ ਅਤੇ ਬਾਰਵੀਂ ਮਿਤੀ 25-04-2023 ਤੋਂ 09-05-2023 ਤੱਕ ਕਰਵਾਈਆਂ ਜਾ ਰਹੀਆਂ ਹਨ। ਪਰੀਖਿਆਵਾਂ ਦਾ ਸੰਚਾਲਨ ਹੇਠ ਲਿਖੇ ਅਨੁਸਾਰ ਕਰਵਾਇਆ ਜਾਵੇ:-

**ਦਸਵੀਂ ਸ਼੍ਰੇਣੀ ਲਈ**

(ੳ ਜਿਸ ਸਕੂਲ ਵਿੱਚ ਪ੍ਰਯੋਗੀ ਪਰੀਖਿਆ ਹੋ ਰਹੀ ਹੈ, ਉਸ ਸਕੂਲ ਦੇ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਂਣ ਵਾਲੇ ਅਧਿਆਪਕਾਂ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਸਕੂਲ ਪੱਧਰ ਤੇ ਹੀ ਪ੍ਰਯੋਗੀ ਪਰੀਖਿਆ ਕਰਵਾਈ ਜਾਵੇਗੀ।

**ਬਾਰ੍ਹਵੀਂ ਸ਼੍ਰੇਣੀ ਲਈ**

(ੳ)ਦਫਤਰ ਵਲੋਂ ਫਿਜਿਕਸ, ਕਮਿਸਟਰੀ, ਬਾਇਓਲੌਜੀ, ਅਕਾਉਂਟੈਂਸੀ-2 , ਫੰਡਾਮੈਂਟਲ ਆਫ ਈ ਬਿਜਨਸ ਅਤੇ ਹੋਮ ਸਾਇੰਸ ਵਿਸ਼ਿਆਂ ਦੇ ਪ੍ਰਸ਼ਨ ਪੱਤਰ ਭੇਜੇ ਜਾ ਰਹੇ ਹਨ। ਉਸ ਸਕੂਲ ਦੇ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਂਣ ਵਾਲੇ ਅਧਿਆਪਕ ਹੀ ਸਬੰਧਤ ਵਿਸ਼ੇ ਦੀ ਪ੍ਰਯੋਗੀ ਪਰੀਖਿਆ ਲੈਣਗੇ ਇਨ੍ਹਾਂ ਵਿਸਿਆਂ ਦੀ ਪਰੀਖਿਆ ਕਰਵਾਉਣ ਲਈ ਉੱਤਰ ਪੱਤਰੀਆਂ ਖੇਤਰੀ ਦਫਤਰ ਤੋਂ ਪ੍ਰਾਪਤ ਕਰ ਲਈਆਂ ਜਾਣ ਅਤੇ ਬਾਕੀ ਰਹਿੰਦੇ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਸਕੂਲ ਪੱਧਰ ਤੇ ਹੀ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਂਣ ਵਾਲੇ ਅਧਿਆਪਕਾਂ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਕਰਵਾਈ ਜਾਵੇਗੀ।

ਨੋਟ:-

1) ਦਫਤਰ ਵੱਲੋਂ ਪੁਰਜੋਰ ਕੋਸ਼ਿਸ਼ ਕੀਤੀ ਗਈ ਹੈ ਕਿ ਪ੍ਰਯੋਗੀ ਪਰੀਖਿਆ ਲਈ ਕੇਂਦਰ ਉਹਨਾਂ ਸਕੂਲਾਂ ਵਿੱਚ ਹੀ ਸਥਾਪਤ ਕੀਤੇ ਜਾਣ, ਜਿਥੇ ਪ੍ਰਯੋਗੀ ਪਰੀਖਿਆ ਲਈ ਯੋਗ ਪ੍ਰਬੰਧ ਹਨ, ਪਰ ਕਿਸੇ ਸੰਸਥਾ ਵਿੱਚ ਇਸ ਬਾਰੇ ਕੋਈ ਵੀ ਪ੍ਰਬੰਧ ਨਾ ਹੋਣ ਤਾਂ ਅਜਿਹੀ ਸਥਿਤੀ ਵਿੱਚ ਆਪਣੇ ਪੱਧਰ ਤੇ ਯੋਗ/ ਢੁਕਵਾਂ ਪ੍ਰਬੰਧ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਪਰੀਖਿਆਰਥੀ ਆਪਣੇ ਕਿਸੇ ਵੀ ਵਿਸ਼ੇ ਦੀ ਪ੍ਰਯੋਗੀ ਪਰੀਖਿਆ ਦੇਣ ਤੋਂ ਵਾਂਝਾ ਨਾ ਰਹਿ ਜਾਵੇ। ਅਜਿਹੇ ਸਕੂਲ /ਕੇਸਾਂ ਬਾਰੇ ਮੁੱਖ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਇਸ ਮੁਸ਼ਕਿਲ ਦਾ ਹੱਲ ਹੋ ਸਕੇ।
2) ਬਾਰ੍ਹਵੀਂ ਸ਼੍ਰੇਣੀ ਦੀ ਪ੍ਰਯੋਗੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਇਸ ਦਫਤਰ ਵਲੋਂ ਮਿਤੀ 20-04-2023 ਨੂੰ ਸਬੰਧਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭੇਜ ਦਿੱਤੇ ਜਾਣਗੇ। ਇਹ ਪ੍ਰਸ਼ਨ ਪੱਤਰ ਮਿਤੀ 21-04-2023 ਤੋਂ 24-04-2023 ਤੱਕ ਖੇਤਰੀ ਦਫਤਰ ਵਿੱਚੋਂ ਸਬੰਧਤਾਂ ਵੱਲੋਂ ਪ੍ਰਾਪਤ ਕੀਤੇ ਜਾਣਗੇ। ਇਸ ਸਬੰਧੀ ਸਮੂਹ ਪ੍ਰਿੰਸੀਪਲਜ ਨੂੰ ਸੂਚਿਤ ਕਰ ਦਿੱਤਾ ਜਾਵੇ। ਜੇਕਰ ਕੋਈ ਵਿਸ਼ੇਸ਼ ਲੋੜ ਹੋਵੇ ਤਾਂ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ।
3) ਦਫਤਰ ਵੱਲੋਂ ਕਿਸੇ ਵੀ ਪਰੀਖਿਅਕ ਨੂੰ ਕੋਈ ਅਦਾਇਗੀ/ਮਿਹਨਤਾਨਾ ਨਹੀਂ ਦਿੱਤਾ ਜਾਵੇਗਾ।
4) ਸਰਕਾਰ ਵੱਲੋਂ COVID -19 ਸਬੰਧੀ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਜਰੂਰਤ ਪੈਣ ਤੇ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-**

| | | | |
|---|---|---|---|
| 1. ਉਪ ਸਕੱਤਰ (ਕ.ਸ) | 0172-5227144 | 3. ਸੁਪਰਡੰਟ (ਕ.ਸ) | 0172-5227303,338 |
| 2. ਸਹਾਇਕ ਸਕੱਤਰ (ਕ.ਸ) | 0172-5227334 | 4. ਕੋਆਰਡੀਨੇਟਰ (NSQF) | 9814723562 |

**ਪ੍ਰਯੋਗੀ ਪਰੀਖਿਆ ਸਬੰਧੀ ਹਸਤਾਖਰ ਚਾਰਟ ਆਈ.ਡੀ. ਤੇ ਅਪ-ਲੋਡ ਨਾ ਹੋਣ ਕਾਰਨ/ ਰੋਲ ਨੰਬਰ ਜਾਂ ਅੰਕ ਅਪਲੋਡ ਕਰਨ ਵਿੱਚ ਕੋਈ ਮੁਸਕਿਲ ਆਉਣ ਅਤੇ ਹੋਰ ਕਿਸੇ ਕਿਸਮ ਦੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-**

| | | | |
|---|---|---|---|
| 5. ਸਹਾਇਕ ਸਕੱਤਰ (ਬਾਰ੍ਹਵੀਂ) | 0172-5227305,319 | 7. ਸਹਾਇਕ ਸਕੱਤਰ (ਦਸਵੀਂ) | 0172-5227284,290 |
| 6. ਕੰਟਰੋਲਰ (ਪਰੀਖਿਆਵਾਂ) ਕੰਟਰੋਲ ਰੂਮ | 0172-5227136,137,138 | | |
| ਈ-ਮੇਲ ਆਈ.ਡੀ | srsecconduct.pseb@punjab.gov.in<br>Controller.pseb@punjab.gov.in | | |

ਸਹਾਇਕ ਸਕੱਤਰ(ਕਾਰਜ ਸੰਚਾਲਨ)

ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਪਟਿਆਲਾ
ਪਿੱਠ ਅੰਕਣ ਨੰ: ਅ-7/1 ( ) 2023/608 ਮਿਤੀ- 11/04/2023

ਪੱਤਰ ਨੰ: 1 ਦਾ ਉਤਾਰਾ ਜਿਲ੍ਹਾ ਪਟਿਆਲਾ ਦੇ ਮੁਖੀਆਂ/ [illegible] ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਉ ਜ਼ਿ.ਸਿ.ਅ (ਸੈ.ਸਿ)
ਪਟਿਆਲਾ